# ਸਾਮਰਾਜ ਦਾ ਡਿਵੈਲਪਮੈਂਟ ਦਾ ਸਿਧਾਂਤ ਲੁੱਟ ਮਾਰ ਅਤੇ ਤਸ਼ੱਦਦ  ਦਾ ਸਿਧਾਂਤ

ਅੱਜ ਕਲ "ਡਿਵੈਲਪਮੈਂਟ" ਦੀ ਗੱਲ ਕਰਨਾ ਇਕ ਮੰਤਰ ਬਣ ਗਿਆ ਹੈ। ਸਾਮਰਾਜ, ਹਿੰਦੁਸਤਾਨ ਦੀ ਸਰਕਾਰ ਅਤੇ ਗੈਰ-ਸਰਕਾਰੀ ਸੰਸਥਾਵਾਂ ਇਸ ਮੰਤਰ ਨੂੰ ਜ਼ੋਰ ਸ਼ੋਰ ਨਾਲ ਜਪਦੇ ਹਨ ਅਤੇ ਕਿਹਾ ਜਾਂਦਾ ਹੈ ਕਿ "ਡਿਵੈਲਪਮੈਂਟ" ਨਾਲ ਹੀ ਲੋਕਾਂ ਦੇ ਮਸਲੇ ਹੱਲ ਹੋਣਗੇ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੀ ਭੁਖ ਅਤੇ ਜਬਰ ਤੋਂ ਮੁਕਤੀ ਹੋਵੇਗੀ। ਸਕਾਟਲੈਂਡ ਵਿਚ ਜੀ-8 ਮੁਲਕਾਂ ਦੀ ਮਿਲਣੀ ਵਿਚ ਇਕ ਬਾਰ ਫਿਰ ਇਸ ਗੱਲ ਤੇ ਜ਼ੋਰ ਦਿਤਾ ਗਿਆ ਸੀ। ਸਾਮਰਾਜੀ ਅਦਾਰੇ ਵਿਸ਼ਵ ਬੈਂਕ, ਆਈ.ਐਮ.ਐਫ਼.ਅਤੇ ਆਈ.ਡੀ.ਏ.ਵਗੈਰਾ ਵੀ ਇਹੋ ਮੰਤਰ ਹੀ ਪੜਦੇ ਹਨ।

ਅਮਰੀਕਾ ਦੇ ਪ੍ਰਧਾਨ ਜਾਰਜ ਬੁਸ਼ ਮੁਤਾਬਿਕ "ਡਿਵੈਲਪਮੈਂਟ" ਅਮਰੀਕਨ ਵਿਦੇਸ਼ੀ ਨੀਤੀ ਦਾ ਇਕ ਮੁੱਢਲਾ ਥੰਮ ਹੈ ਅਤੇ ਅਮਰੀਕਾ ਦੀ ਕੌਮੀ ਰਖਿਆ ਲਈ ਬਹੁਤ ਹੀ ਜ਼ਰੂਰੀ ਹੈ। ਜਾਰਜ ਬੁਸ਼ ਅਤੇ ਯੂ.ਐਸ. ਏਡ ਮੁਤਾਬਿਕ ਦੂਸਰੇ ਮੁਲਕਾਂ ਨੂੰ ਏਡ ਜਾਂ ਮਦਦ ਦੇਣਾ ਅਮਰੀਕਾ ਦੇ ਕੌਮੀ ਹਿੱਤ ਵਿਚ ਹੈ। ਬੁਸ਼ ਨੇ ਇਹ ਵੀ ਕਿਹਾ ਕਿ ਮੁਲਕਾਂ ਅਤੇ ਸਮਾਜ ਨੂੰ ਖੁੱਲ ਦੇ ਕੇ ਅਤੇ ਜਮਹੂਰੀਅਤ ਦਾ ਬੁਨਿਆਦੀ ਬੰਦੋਬਸਤ ਕਾਇਮ ਕਰ ਕੇ "ਡਿਵੈਲਪਮੈਂਟ" ਦਾ ਦਾਇਰਾ ਹੋਰ ਵੀ ਵਧਾਉਣ ਦੀ ਲੋੜ ਹੈ। ਯੂ.ਐਨ.ਓ. ਅਤੇ ਹੋਰ ਗੈਰ ਸਰਕਾਰੀ ਜਥੇਬੰਦੀਆਂ ਵੀ ਇਹੋ ਜਿਹੇ ਟੀਚੇ ਅਤੇ ਡਿਵੈਲਪਮੈਂਟ ਦੀ ਗੱਲ ਕਰਦੇ ਹਨ। ਹਿੰਦੁਸਤਾਨ ਦੀ ਸਰਕਾਰ  ਵੀ ਇਹੋ ਐਲਾਨ ਕਰਦੀ ਹੈ। ਮਨਮੋਹਨ ਸਿੰਘ ਨੇ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਪ੍ਰਧਾਨਗੀ ਕਰਦੇ ਹੋਏ ਇਕ ਬਾਰ ਫਿਰ ਇਸ "ਡੀਵੈਲਪਮੈਂਟ" ਦਾ ਐਲਾਨ ਕੀਤਾ ਹੈ।

ਇਕ ਦਿਲਚਸਪ ਗੱਲ ਇਹ ਹੈ ਕਿ ਬੁਸ਼ ਅਤੇ ਬਲੇਅਰ ਕਦੇ ਇਹ ਗੱਲ ਨਹੀਂ ਕਰਦੇ ਕਿ ਅਮਰੀਕਾ ਜਾਂ ਇੰਗਲੈਂਡ ਨੂੰ ਵੀ ਕਿਸੇ ਡਿਪਲੈਪਮੈਂਟ ਦੀ ਲੋੜ ਹੈ। ਇਹ ਕਿਹਾ ਜਾਂਦਾ ਹੈ ਕਿ ਇਨ੍ਹਾਂ ਸਾਰਿਆਂ ਮੁਲਕਾਂ ਵਿਚ ਸਭ ਕੁਝ ਠੀਕ ਹੈ ਅਤੇ ਇਹ "ਡਿਵੈਲਪਡ" ਮੁਲਕ ਹਨ। ਕੀ "ਡਿਵੈਲਪਮੈਂਟ" ਦੀ ਲੋੜ ਤਾਂ ਉਨ੍ਹਾਂ ਮੁਲਕਾਂ ਵਿਚ ਹੀ ਹੈ ਜੋ ਕਿ ਬਸਤੀਵਾਦ ਦੇ ਸ਼ਿਕੰਜੋਂ ਤੋਂ ਆਜ਼ਾਦ ਹੋਏ ਸਨ ਅਤੇ ਹੁਣ ਸਾਮਰਾਜ ਦੇ ਸ਼ਿਕੰਜੇ ਵਿਚ ਫਸੇ ਹੋਏ ਹਨ? ਇਹ ਡਿਵੈਲਪਮੈਂਟ ਦਾ ਸਿਧਾਂਤ ਕੀ ਹੈ? ਇਹ ਮੰਤਰ ਸਾਮਰਾਜ ਅਤੇ ਉਹਦੇ ਝੋਲੀ ਚੁਕ ਕਿਉਂ ਅਲਾਪ ਰਹੇ ਹਨ?

ਅੰਗ੍ਰੇਜ਼ੀ ਦੀ ਔਕਸਫੋਡ ਡਿਕਸ਼ਨਰੀ ਮੁਤਾਬਿਕ ਡਿਵੈਲਪਮੈਂਟ ਦਾ ਮਤਲਬ ਕਿਸੇ ਚੀਜ਼ ਦੇ ਵਧਣ ਦਾ ਇਕ ਪੜਾਅ ਜਾਂ ਵਾਧੇ ਦਾ ਮੁਕੰਮਲ ਹੋਣਾ ਹੈ। ਡਿਵੈਲਪ ਹੋ ਰਿਹਾ ਕੋਈ ਮੁਲਕ ਇਕ ਪਛੜਿਆ ਹੋਇਆ ਮੁਲਕ ਹੁੰਦਾ ਹੈ ਜੋ ਬਿਹਤਰ ਆਰਥਕ ਅਤੇ ਸਮਾਜਿਕ ਹਾਲਾਤ ਕਾਇਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ।

ਬੁਸ਼ ਅਤੇ ਬਲੇਅਰ ਮੁਤਾਬਿਕ ਉਨ੍ਹਾਂ ਦੇ ਆਪਣੇ ਮੁਲਕਾਂ ਵਿਚ ਹੋਰ ਬਿਹਤਰ ਆਰਥਕ ਅਤੇ ਸਮਾਜਿਕ ਰਿਸ਼ਤੇ ਕਾਇਮ ਕਰਨ ਦੀ ਕੋਈ ਲੋੜ ਜਾਂ ਗੁਜਾਇਸ਼ ਨਹੀਂ ਹੈ ਇਥੇ ਹਰ ਚੀਜ਼ ਸੰਪੂਰਨ ਅਤੇ ਮੁਕੰਮਲ ਹੋ ਚੁੱਕੀ ਹੈ। ਉਨ੍ਹਾਂ ਦੇ ਸਿਧਾਂਤ ਅਨੁਸਾਰ ਇਨ੍ਹਾਂ ਮੁਲਕਾਂ ਵਿਚ ਕੋਈ ਆਰਥਕ, ਸਮਾਜਿਕ ਅਤੇ ਰੁਹਾਨੀ ਮਸਲਾ ਨਹੀਂ। ਇਹ ਮਸਲੇ ਤਾਂ ਏਸ਼ੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਦੇ ਮੁਲਕਾਂ ਵਿਚ ਹੀ ਹਨ। ਐਡਨਬਰਗ ਵਿਚ ਹੋਈ ਜੀ-8 ਮੁਲਕਾਂ ਦੇ ਲੀਡਰਾਂ ਦੀ ਮਿਲਣੀ ਵਿਚ ਬੁਸ਼ ਅਤੇ ਬਲੇਅਰ ਨੇ ਅਫ਼ਰੀਕਾ ਦੀ "ਡਿਵੈਲਪਮੈਂਟ" ਲਈ ਖਾਸ ਉੱਦਮ ਕਰਨ ਦਾ ਐਲਾਨ ਕੀਤਾ ਹੈ ਅਤੇ ਵਿਸ਼ਵ ਬੈਂਕ ਦੇ ਪ੍ਰਧਾਨ ਵੁਲਫੋਵਿਟਜ਼ ਨੇ ਵੀ ਕਿਹਾ ਹੈ ਕਿ ਅਫ਼ਰੀਕਾ ਦੀ ਡਿਵੈਲਪਮੈਂਟ ਦਾ ਕੰਮ ਵਿਸ਼ਵ ਬੈਂਕ ਦੀ ਮੁੱਖ ਕਾਰਵਾਈ ਹੋਵੇਗੀ।

ਸਾਮਰਾਜੀਆਂ ਅਤੇ ਇਨ੍ਹਾਂ ਦੇ ਭਾਈਵੰਦਾਂ ਲਈ ਡਿਵੈਲਪਮੈਂਟ ਦਾ ਮੰਤਰ ਬਸਤੀਵਾਦ ਦੇ ਪੁਰਾਣੇ ਮੰਤਰ "ਪਛੜੇ ਲੋਕਾਂ ਨੂੰ ਸਭਿਅਤਾ ਵਿਚ ਲਿਆਉਣ" ਦਾ ਹੀ ਨਵਾਂ ਅਵਤਾਰ ਹੈ। ਬੁਰਜੁਆਜ਼ੀ ਨੇ ਯੂਰਪ ਵਿਚ ਰਾਜ ਤੰਤਰ ਆਪਣੇ ਹੱਥ ਵਿਚ ਕਰਕੇ ਹਰ ਚੀਜ਼ ਅਤੇ ਅਦਾਰੇ ਨੂੰ ਆਪਣੇ ਮੁਨਾਫ਼ਿਆਂ ਲਈ ਕਾਇਮ ਕੀਤਾ। ਰਜਵਾੜਾਸ਼ਾਹੀ ਦੇ ਪੁਰਾਣੇ ਅਸੂਲ -ਰਾਜਾ ਦੇ ਦੈਵੀ ਅਧਿਕਾਰ- ਦੀ ਥਾਂ ਤੇ ਮੰਡੀ ਦੇ ਦੈਵੀ ਅਧਿਕਾਰ ਨੂੰ ਆਪਣੀ ਤਾਨਾਸ਼ਾਹੀ ਨਾਲ ਤਮਾਮ ਸਮਾਜ ਦੇ ਸਿਰ ਥੱਪ ਦਿਤਾ। ਲੁਕੇ ਹੋਏ ਦੈਵੀ ਹੱਥ ਦੀ ਥਾਂ ਲੁਕੇ ਹੋਏ ਮੰਡੀ ਦੇ ਹੱਥ ਨਾਲ ਆਰਥਕ ਅਤੇ ਸਿਆਸੀ ਮਸਲੇ ਹੱਲ ਹੋਣ ਦੀ ਵਕਾਲਤ ਕੀਤੀ। ਸਮਾਜ ਦੇ ਸਾਰੇ ਕੁਦਰਤੀ ਅਤੇ ਮਨੁੱਖੀ ਵਸੀਲੇ ਬੁਰਜੁਆਜ਼ੀ ਦੇ ਮੁਨਾਫ਼ਿਆਂ ਲਈ ਹੀ ਵਰਤੇ ਜਾਣ ਲੱਗੇ। ਇਸ ਨੂੰ ਉਹ ਇਕ ਨਵੀਂ ਸਭਿਅਤਾ ਕਹਿਣ ਲਗ ਪਏ। ਯੂਰਪ ਦੇ ਮੁਲਕਾਂ ਵਿਚ ਆਪਣੀਆਂ ਜੜਾਂ ਮਜ਼ਬੂਤ ਕਰਕੇ ਅਤੇ ਰਾਜ ਤੰਤਰ ਦਾ ਆਸਰਾ ਲੈ ਕੇ ਹੋਰਨਾਂ ਮੁਲਕਾਂ ਦੇ ਕੁਦਰਤੀ ਸਾਧਨ ਅਤੇ ਮਨੁੱਖੀ ਸਾਧਨ ਜ਼ੋਰ ਨਾਲ ਆਪਣੇ ਕਬਜ਼ੇ ਵਿਚ ਕਰ ਲਏ। ਬਸਤੀਵਾਦ ਦੀ ਦਲੀਲ ਸੀ ਕਿ ਇਹ ਮੁਲਕ ਪਛੜੇ ਹੋਏ ਹਨ ਅਤੇ ਇਨ੍ਹਾਂ ਨੂੰ ਸਭਿਅਤਾ ਦੇ ਘੇਰੇ ਵਿਚ ਲਿਆਉਣ ਲਈ ਰੱਬ ਨੇ ਇਹ ਮੁਲਕ ਬਸਤੀਵਾਦੀਆਂ ਦੇ ਹਵਾਲੇ ਕੀਤੇ ਹਨ ਅਤੇ ਪਛੜੇ ਲੋਕਾਂ ਨੂੰ ਸਭਿਅਤਾ ਸਿਖਾਉਣ ਦਾ ਇਹ ਭਾਰ ਗੋਰੀ ਕੌਮ ਦੇ ਸਿਰ ਰੱਬ ਨੇ ਰੱਖਿਆ ਹੈ।

ਬਸਤੀਵਾਦੀਆਂ ਦੇ ਝੋਲੀਚੁਕ ਜਗੀਰਦਾਰ ਅਤੇ ਵੱਡੇ ਸਰਮਾਏਦਾਰ ਵੀ ਇਹੋ ਹੀ ਰਾਗ ਅਲਾਪਣ ਲਗ ਪਏ ਕਿ ਅੰਗਰੇਜ਼ਾਂ ਦਾ ਰਾਜ ਤਾਂ ਹਿੰਦੁਸਤਾਨ ਵਿਚ ਸਭਿਅਤਾ ਫੈਲਾਉਣ ਲਈ ਹੈ ਅਤੇ ਇਸ ਲਈ ਸਾਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਹੁਣੇ ਜਿਹੇ ਮਨਮੋਹਨ ਸਿੰਘ ਨੇ ਵੀ ਔਕਸਫੋਰਡ ਯੂਨੀਵਰਸਟੀ ਵਿਚ ਇਨ੍ਹਾਂ ਜਜ਼ਬਾਤਾਂ ਨੂੰ ਹੀ ਹਵਾ ਦਿਤੀ। ਬਸਤੀਵਾਦ ਦੀ ਇਸ ਨਵੀਂ ਸਭਿਅਤਾ ਦਾ ਨਤੀਜਾ ਇਹ ਸੀ ਕਿਃ

1- ਸਾਰੇ ਹੀ ਕੁਦਰਤੀ ਸੋਮੇ ਬਸਤੀਵਾਦੀ ਰਾਜ ਤੰਤਰ ਨੇ ਲੋਕਾਂ ਦੇ ਹੱਥੋਂ ਖੋਹ ਲਏ ਅਤੇ ਅੰਗਰੇਜ਼ਾਂ ਦੇ ਅਤੇ ਉਨ੍ਹਾਂ ਦੇ ਝੋਲੀਚੁਕਾਂ ਦੇ ਹਵਾਲੇ ਕਰ ਦਿਤੇ

2- ਬੇਰੁਜ਼ਗਾਰੀ ਅਤੇ ਬੇਜ਼ਮੀਨੀ ਹੋਂਦ ਵਿਚ ਆਈ ਜੋ ਹਿੰਦੁਸਤਾਨ ਵਿਚ ਪਹਿਲਾਂ ਕਦੇ ਨਹੀਂ ਸੀ।

3- ਮੁੱਢ ਕਦੀਮ ਤੋਂ ਚਲੇ ਆ ਰਹੇ ਬੁਨਿਆਦੀ ਬੰਦੋਬਸਤ ਖ਼ਤਮ ਕਰ ਦਿਤੇ ਗਏ।

4- ਵਿਦਿਅਕ ਅਦਾਰੇ ਖ਼ਤਮ ਕਰ ਦਿਤੇ ਗਏ। ਤਾਲੀਮ ਦਾ ਮਾਧਿਅਮ ਬਦਲ ਦਿਤਾ ਗਿਆ ਅਤੇ ਲੋਕਾਂ ਦੀ ਸੂਝ ਅਤੇ ਦਰਸ਼ਨ ਨੂੰ ਖੁੱਡੇ ਲਾ ਦਿਤਾ ਗਿਆ।

5- ਫਸਲਾਂ ਦੇ ਭਰਪੂਰ ਹੋਣ ਦੇ ਬਾਵਜੂਦ ਭੁੱਖਮਰੀ ਪਹਿਲੀ ਵਾਰ ਹਿੰਦੁਸਤਾਨ ਵਿਚ ਪੈਣ ਲਗੀ। ਮਨੁੱਖ ਦੁਆਰਾ ਪੈਦਾ ਕੀਤੇ ਗਏ ਕਾਲ ਪੈਣ ਲਗ ਪਏ।

6- ਸਿਆਸੀ ਤਾਕਤ ਲੰਡਨ ਦੀ ਪਾਰਲੀਮੈਂਟ ਅਤੇ ਰਾਜੇ ਦੇ ਹੱਥ ਚਲੀ ਗਈ। ਲੋਕਾਂ ਦੀਆਂ ਪੰਚਾਇਤਾਂ ਅਤੇ ਹੋਰ ਅਦਾਰਿਆਂ ਕੋਲ ਕੋਈ ਤਾਕਤ ਨਹੀਂ ਰਹੀ।

7- ਉਤਪਾਦਨ ਲੋਕਾਂ ਦੀ ਲੋੜਾਂ ਲਈ ਨਹੀਂ ਬਲਕਿ ਮੰਡੀ ਵਿਚ ਵੇਚਣ ਲਈ ਹੋਣ ਲਗ ਪਿਆ। ਕਰੋੜਾਂ ਹੀ ਲੋਕ ਭੁਖਮਾਰ ਨਾਲ ਮਾਰ ਦਿਤੇ ਗਏ।

ਇਨ੍ਹਾਂ ਹਾਲਾਤ ਬਾਰੇ ਕਾਰਲ ਮਾਰਕਸ ਨੇ 1853 ਵਿਚ ਲਿਖਿਆਃ-

*"ਹਿੰਦੁਸਤਾਨੀ ਲੋਕ ਅੰਗਰੇਜ਼ ਬੁਰਜੁਆਜ਼ੀ ਵਲੋਂ ਲਾਏ ਗਏ ਬੂਟਿਆਂ ਦਾ ਫਲ ਉਦੋਂ ਤਕ ਨਹੀਂ ਲੈ ਸਕਣਗੇ ਜਦੋਂ ਤਕ ਇੰਗਲੈਂਡ ਵਿਚ ਇਨ੍ਹਾਂ ਹਾਕਮ ਜਮਾਤਾਂ ਨੂੰ ਖ਼ਤਮ ਕਰ ਕੇ ਮਜ਼ਦੂਰ ਜਮਾਤ ਆਪਣਾ ਰਾਜ ਕਾਇਮ ਨਾ ਕਰ ਲਵੇ ਜਾਂ ਹਿੰਦੁਸਤਾਨੀ ਲੋਕ ਖ਼ੁਦ ਆਪ ਅੰਗਰੇਜ਼ਾਂ ਦੇ ਰਾਜ ਦਾ ਜੂਲਾ ਲਾਹ ਕੇ ਸੁੱਟ ਨਹੀਂ ਦੇਂਦੇ। ਬੁਰਜੂਆ ਸਭਿਅਤਾ ਜੋ ਕਿ ਆਪਣੇ ਮੁਲਕਾਂ ਵਿਚ ਇੱਜ਼ਤ ਅਤੇ ਮਾਣ ਦਾ ਬੁਰਕਾ ਪਾ ਕੇ ਰਖਦੀ ਹੈ, ਇਸ ਦਾ ਲਹੂਪੀਣਾ ਅਤੇ ਵਹਿਸ਼ੀ ਖ਼ਾਸਾ ਸਾਡੇ ਸਾਹਮਣੇ ਇਸ ਦੀਆਂ ਗੁਲਾਮ ਬਸਤੀਆਂ ਵਿਚ ਬਿਲਕੁਲ ਨੰਗਾ ਹੋ ਜਾਂਦਾ ਹੈ। ਇੰਗਲਿਸ਼ ਸਨਅਤ ਦਾ ਹਿੰਦੁਸਤਾਨ ਤੇ ਮਾਰੂ ਅਸਰ ਬਹੁਤ ਹੀ ਭਿਅੰਕਰ ਅਤੇ ਖ਼ਤਰਨਾਕ ਹੈ। ਪਰ ਇਹ ਅਸਰ ਇਕ ਉਤਪਾਦਨ ਦੀ ਵਿਧੀ ਦਾ ਅਟੁੱਟ ਹਿੱਸਾ ਹੈ। ਇਹ ਵਿਧੀ ਸਰਮਾਏ ਦੇ ਰਾਜ ਤੇ ਨਿਰਭਰ ਹੈ। ਸਰਮਾਏ ਦਾ ਕੇਂਦਰੀਕਰਨ ਸਰਮਾਏ ਦੇ ਆਪਣੇ ਆਜ਼ਾਦ ਵਜੂਦ ਅਤੇ ਆਪਣੀ ਆਜ਼ਾਦ ਤਾਕਤ ਲਈ ਬਹੁਤ ਹੀ ਜ਼ਰੂਰੀ ਹੈ। ਇਸ ਦਾ ਦੁਨੀਆ ਦੀ ਮੰਡੀਆਂ ਤੇ ਮਾਰੂ ਅਸਰ ਬਹੁਤ ਹੀ ਵੱਡੇ ਪੈਮਾਨੇ ਤੇ ਇਸ ਨਵੇਂ ਅਰਥਚਾਰੇ ਦੇ ਨਿਯਮਾਂ ਦਾ ਹੀ ਇਜ਼ਹਾਰ ਹੈ ਜੋ ਕਿ ਹੁਣ ਹਰ ਬੁਰਜੂਆ ਸਭਿਅਤਾ ਵਾਲੇ ਸ਼ਹਿਰ ਵਿਚ ਲਾਗੂ ਹੈ।"*

ਲੋਕਾਂ ਦੀ ਜੱਦੋ-ਜਹਿਦ ਨਾਲ ਪੁਰਾਣਾ ਬਸਤੀਵਾਦ ਖ਼ਤਮ ਹੋ ਗਿਆ। ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿਚੋਂ ਬਸਤੀਵਾਦੀਆਂ ਨੂੰ ਦੌੜਨਾ ਪਿਆ। ਹਿੰਦੁਸਤਾਨ 1947 ਵਿਚ ਆਜ਼ਾਦ ਹੋ ਗਿਆ। ਪਰ ਰਾਜ ਦੀ ਵਾਗਡੋਰ ਅੰਗ੍ਰੇਜ਼ ਆਪਣੇ ਝੋਲੀਚੁਕਾਂ ਦੇ ਹਵਾਲੇ ਕਰ ਗਏ ਜਿਨ੍ਹਾਂ ਨੇ ਬਸਤੀਵਾਦੀਆਂ ਦੇ ਬਗੈਰ ਵੀ ਬਸਤੀਵਾਦ ਦਾ ਹਰ ਅਦਾਰਾ ਕਾਇਮ ਰੱਖਿਆ ਅਤੇ ਨਵੇਂ ਹਾਲਾਤ ਵਿਚ ਬਸਤੀਵਾਦੀਆਂ ਨਾਲ ਆਪਣੇ ਸੰਬੰਧ ਕਾਇਮ ਰੱਖੇ। ਆਪਣੇ ਮੁਨਾਫ਼ਿਆਂ ਨੂੰ ਬਰਕਰਾਰ ਰੱਖਣ ਲਈ ਸਾਮਰਾਜ ਨੇ ਹੁਣ ਸਿਧੇ ਬਸਤੀਵਾਦ ਦੀ ਥਾਂ ਕਰਜ਼ਿਆਂ ਅਤੇ ਇਮਦਾਦ ਦੇ ਢਕੌਂਸਲੇ ਹੇਠ ਇਨ੍ਹਾਂ ਮੁਲਕਾਂ ਨੂੰ ਆਪਣੇ ਸ਼ਿਕੰਜੇ ਵਿਚ ਫਸਾ ਲਿਆ। ਇਹ ਕਰਜ਼ੇ ਕਈ ਕਈ ਵਾਰ ਵਾਪਸ ਕਰਨ ਬਾਅਦ ਵੀ ਖ਼ਤਮ ਨਹੀਂ ਹੁੰਦੇ। ਇਨ੍ਹਾਂ ਕਰਜ਼ਿਆਂ ਕਰਕੇ ਸਾਮਰਾਜ ਨੇ ਇਨ੍ਹਾਂ ਮੁਲਕਾਂ ਤੇ ਆਪਣੀ ਮਰਜ਼ੀ ਮੁਤਾਬਿਕ ਬੰਦੋਬਸਤ ਕਾਇਮ ਕਰਨ ਦਾ ਦਬਾਅ ਪਾਇਆ। ਹੁਣ ਸਾਮਰਾਜ ਇਹ ਕਹਿਣ ਲੱਗ ਪਿਆ ਕਿ ਇਨ੍ਹਾਂ ਪਛੜਿਆਂ ਮੁਲਕਾਂ ਨੂੰ ਡਿਵੈਲਪਮੈਂਟ ਦੀ ਲੋੜ ਹੈ ਅਤੇ ਇਹ ਸਭ ਕੁਝ ਇਸ "ਡਿਵੈਲਪਮੈਂਟ" ਲਈ ਜ਼ਰੂਰੀ ਹੈ। ਹੁਣ ਸਾਮਰਾਜੀਏ ਸਭਿਅਤਾ ਫੈਲਾਉਣ ਦੀ ਥਾਂ ਡਿਵੈਲਪਮੈਂਟ ਦਾ ਰਾਗ ਅਲਾਪਣ ਲੱਗ ਪਏ ਜੋ ਕਿ ਇਨ੍ਹਾਂ ਦੇ ਪੁਰਾਣੇ ਸਿਧਾਂਤ ***ਵਾਈਟ ਮੈਨਸ ਬਰਡਨ*** ਦਾ ਹੀ ਇਕ ਨਵਾਂ ਅਵਤਾਰ ਹੈ ਅਤੇ ਮੁਲਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨ ਵੱਡੇ ਅਜਾਰੇਦਾਰਾਂ ਦੇ ਹੱਥ ਦੇਣ ਲਈ ਅਤੇ ਲੋਕਾਂ ਦੀ ਮਿਹਨਤ ਨਾਲ ਪੈਦਾ ਕੀਤੀ ਦੌਲਤ ਹਥਿਆਉਣ ਲਈ ਹੈ। ਇਰਾਕ ਉੱਤੇ ਆਪਣਾ ਕਬਜ਼ਾ ਇਹ ਉਥੇ "ਡਿਵੈਲਪਮੈਂਟ ਅਤੇ ਜਮਹੂਰੀਅਤ" ਲਿਆਉਣ ਲਈ ਜਾਇਜ਼ ਕਰਾਰ ਦੇ ਰਹੇ ਹਨ।

ਆਪਣੇ ਜ਼ੋਰ ਅਤੇ ਧੱਕੜਸ਼ਾਹੀ ਨਾਲ ਇਹ ਕਈ ਆਲਮੀ ਅਦਾਰਿਆਂ ਨੂੰ ਆਪਣੇ ਇਰਾਦਿਆਂ ਲਈ ਵਰਤ ਰਹੇ ਹਨ। ਮਿਸਾਲ ਦੇ ਤੌਰ ਤੇ ਯੂ.ਐਨ.ਡੀ.ਪੀ. ਅਤੇ ਆਈ.ਡੀ.ਪੀ. ਵੀ ਇਸੇ ਸਾਮਰਾਜੀ ਡਿਵੈਲਪਮੈਂਟ ਦਾ ਰਾਗ ਅਲਾਪ ਰਹੇ ਹਨ। ਯੂ.ਐਨ.ਡੀ.ਪੀ. ਦੇ ਮਿਲੇਨੀਅਮ ਡਿਵੈਲਪਮੈਂਟ ਨਿਸ਼ਾਨੇ ਵਿਚ ਇਹੋ ਕੁਝ ਹੀ ਕਿਹਾ ਗਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸਾਮਰਾਜੀਆਂ ਦੀ ਇਸ ਇਮਦਾਦ ਬਗੈਰ ਇਹ ਮੁਲਕ ਆਪਣੇ ਮਸਲੇ ਹੱਲ ਨਹੀਂ ਕਰ ਸਕਦੇ। ਇਸ ਕਰਕੇ ਇਨ੍ਹਾਂ ਨੂੰ ਸਾਮਰਾਜੀਆਂ ਤੇ ਨਿਰਭਰ ਕਰਨਾ ਜ਼ਰੂਰੀ ਹੀ ਹੈ। ਇਨ੍ਹਾਂ ਮੁਲਕਾਂ ਨੂੰ ਸਾਮਰਾਜੀ ਕਰਜ਼ੇ ਲੈਣੇ ਹੀ ਪੈਣੇ ਹਨ। ਇਕ ਖੋਜ ਮੁਤਾਬਕ ਸਾਮਰਾਜ ਵਲੋਂ ਲਾਏ ਹਰ ਇਕ ਡਾਲਰ ਨਾਲ ਉਹ ਇਨ੍ਹਾਂ ਮੁਲਕਾਂ ਤੋਂ 3 ਡਾਲਰ ਵਾਪਿਸ ਖਿੱਚਦੇ ਹਨ। "ਡਿਵੈਲਪਮੈਂਟ" ਦਾ ਇਹ ਸਿਧਾਂਤ ਇਨ੍ਹਾਂ ਲਈ ਬਹੁਤ ਹੀ ਮੁਫ਼ੀਦ ਹੈ। ਹਕੀਕਤ ਇਹ ਦੱਸਦੀ ਹੈ ਕਿਃ-

1- ਬੁਸ਼ , ਬਲੇਅਰ ਅਤੇ ਹਿੰਦੁਸਤਾਨੀ ਸਰਕਾਰ ਦਾ "ਡਿਵੈਲਪਮੈਂਟ" ਦਾ ਸਿਧਾਂਤ ਲੋਕਾਂ ਦੇ ਖਿਲਾਫ਼ ਅਤੇ ਕੁਦਰਤ ਦੇ ਖ਼ਿਲਾਫ਼ ਹਿੰਸਾ ਦਾ ਸਿਧਾਂਤ ਹੈ। ਇਹ ਮਨੁੱਖ ਨੂੰ ਮਨੁੱਖ ਦੇ ਖ਼ਿਲਾਫ਼ ਅਤੇ ਮਨੁੱਖ ਨੂੰ ਕੁਦਰਤ ਖ਼ਿਲਾਫ਼ ਕਰਦਾ ਹੈ।

2- ਨੁਮਾਇੰਦਿਆਂ ਵਾਲੀ ਜਮਹੂਰੀਅਤ ਅਤੇ ਖੁਲ੍ਹੀ-ਮੰਡੀ ਇਸ ਹਿੰਸਾ ਦੇ ਹਥਿਆਰ ਹਨ।

3- ਡਿਵੈਲਪਮੈਂਟ ਦਾ ਇਹ ਸਿਧਾਂਤ ਵੱਡੇ ਸਰਮਾਏ ਦੀ ਲੋੜ ਹੈ ਜਿਸ ਨਾਲ ਇਹ ਤਮਾਮ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਦੌਲਤ ਆਪਣੇ ਕਬਜ਼ੇ ਵਿਚ ਕਰਨਾ ਚਾਹੁੰਦਾ ਹੈ।

4- ਡਵੈਲਪਮੈਂਟ ਦਾ ਇਹ ਸਿਧਾਂਤ ਲੋਕਾਂ ਦੀ ਆਪਣੀ ਤਾਰੀਖ਼, ਇਤਿਹਾਸ, ਸੂਝ ਅਤੇ ਸੋਧ ਉਤੇ ਹਮਲਾ ਕਰਦਾ ਹੈ। ਇਹ ਉਨ੍ਹਾਂ ਦੀ ਤਾਰੀਖ਼ ਅਤੇ ਇਤਿਹਾਸ ਨੂੰ ਨਕਾਰਦਾ ਹੈ ਅਤੇ ਸਾਮਰਾਜੀ ਸੋਚ ਨੂੰ ਉਨ੍ਹਾਂ ਤੇ ਥੱਪਦਾ ਹੈ। ਇਸ ਸਿਧਾਂਤ ਮੁਤਾਬਿਕ ਹਿੰਦੁਸਤਾਨ ਦਾ ਇਤਿਹਾਸ ਵੀ ਯੂਰੋਪ ਵਾਂਗ ਹੀ ਵਿਕਸਤ ਹੋਣਾ ਚਾਹੀਦਾ ਹੈ ਅਤੇ ਸਾਮਰਾਜ ਇਹ ਗੱਲ ਇਸ ਤੇ ਥੱਪੇਗਾ।

## ਸੁਰਮੇਲਤਾ ਅਤੇ ਨਵੀਂ ਉਸਾਰੀ

ਇਸ ਸਾਮਰਾਜੀ ਡਿਵੈਲਪਮੈਂਟ ਦੀ ਥਾਂ ਤੇ ਲੋਕਾਂ ਨੂੰ ਸੁਰਮੇਲਤਾ ਅਤੇ ਨਵੀਂ ਉਸਾਰੀ ਦੀ ਲੋੜ ਹੈ। ਲੋਕਾਂ ਨੂੰ ਸਮਾਜ ਅਤੇ ਵਿਅਕਤੀ ਦੇ ਹਿਤਾਂ ਨੂੰ ਸੁਰਮੇਲ ਅਤੇ ਇਕਸੁਰ ਕਰਨ ਦੀ ਲੋੜ ਹੈ। ਵਿਅਕਤੀ, ਸਮੂਹ ਅਤੇ ਸਮਾਜ ਦੇ ਹਿਤਾਂ ਨੂੰ ਸੁਰਮੇਲ ਕਰਨ ਦੀ ਲੋੜ ਹੈ। ਇਨਸਾਨ ਅਤੇ ਕੁਦਰਤ ਦੇ ਰਿਸ਼ਤਿਆਂ ਨੂੰ ਸੁਰਮੇਲ ਕਰਨ ਦੀ ਲੋੜ ਹੈ। ਇਹ ਕੰਮ ਲੋਕ ਸਮਾਜ ਨੂੰ ਨਵੇਂ ਸਿਰਿਓਂ ਉਸਾਰ ਕੇ ਅਤੇ ਪੈਦਾਵਾਰ ਦੇ ਨਵੇਂ ਰਿਸ਼ਤੇ ਕਾਇਮ ਕਰਕੇ ਹੀ ਕਰ ਸਕਦੇ ਹਨ। ਇਹ ਨਵੀਂ ਉਸਾਰੀ ਲੋਕ ਆਪਣੇ ਦਰਸ਼ਨ ਦੇ ਆਧਾਰ ਤੇ ਹੀ ਕਰ ਸਕਦੇ ਹਨ। ਸਾਮਰਾਜੀ ਡਿਵੈਲਪਮੈਂਟ ਦਾ ਆਧਾਰ ਲਿਬਰਲਵਾਦ ਹੈ ਜਿਹਦਾ ਕਹਿਣਾ ਹੈ ਕਿ ਇਨਸਾਨ ਦੇ ਇਨਸਾਨ ਨਾਲ ਰਿਸ਼ਤੇ ਸੁਰਮੇਲ ਨਹੀਂ ਕੀਤੇ ਜਾ ਸਕਦੇ ਅਤੇ ਇਨਸਾਨ ਦੇ ਕੁਦਰਤ ਨਾਲ ਵੀ ਰਿਸ਼ਤੇ ਇਕਸੁਰ ਅਤੇ ਸੁਰਮੇਲ ਨਹੀਂ ਕੀਤੇ ਜਾ ਸਕਦੇ। ਇਸ ਸਾਮਰਾਜੀ ਡਿਵੈਲਪਮੈਂਟ ਦੇ ਸਿਧਾਂਤ ਨੂੰ ਛੱਡ ਕੇ ਆਪਣੇ ਦਰਸ਼ਨ ਅਤੇ ਵਿਰਸੇ ਤੋਂ ਸੇਧ ਲੈ ਕੇ ਅੱਗੇ ਵਧਣ ਦੀ ਲੋੜ ਹੈ। ਪੰਜਾਬੀ ਦਰਸ਼ਨ ਮੁਤਾਬਿਕ ਇਹ ਇਕਸੁਰਤਾ ਅਤੇ ਸੁਰਮੇਲਤਾ ਬਹੁਤ ਹੀ ਜ਼ਰੂਰੀ ਹੈ। ਮਨੁੱਖ ਦੇ ਵਜੂਦ ਲਈ, ਉਹਦੇ ਸੁੱਖ, ਖ਼ੁਸ਼ਹਾਲੀ ਅਤੇ ਰਾਖੀ ਲਈ ਇਹ ਬਹੁਤ ਹੀ ਜ਼ਰੂਰੀ ਹੈ। ਹਰੇਕ ਅਦਾਰੇ ਦਾ ਇਹ ਫਰਜ਼ ਹੈ ਕਿ ਇਸ ਸੁਰਮੇਲਤਾ ਲਈ ਉਦਮ ਕਰੇ। ਰਾਜ ਤੰਤਰ ਦਾ ਤਾਂ ਇਹ ਬੁਨਿਆਦੀ ਫਰਜ਼ ਹੈ ਕਿ ਉਹ ਸਭ ਦੇ ਸੁਖ, ਖ਼ੁਸ਼ਹਾਲੀ ਅਤੇ ਹਿਫ਼ਾਜ਼ਤ ਦੀ ਗਰੰਟੀ ਦੇਵੇ। ਇਸੇ ਤਰਾਂ ਪੰਜਾਬੀਆਂ ਦੀ ਇਹ ਅਰਦਾਸ ਹੈ ਕਿ ਸਰਬੱਤ ਦਾ ਭਲਾ ਹੋਵੇ। ਸਰਬੱਤ ਦਾ ਭਲਾ ਮਨੁੱਖ ਦੇ ਮਨੁੱਖ ਨਾਲ ਰਿਸ਼ਤਿਆਂ ਵਿਚ ਇਕਸੁਰਤਾ ਅਤੇ ਮਨੁਖ ਦੇ ਕੁਦਰਤ ਨਾਲ ਰਿਸ਼ਤਿਆਂ ਵਿਚ ਸੁਰਮੇਲ ਦੇ ਬਗੈਰ ਨਹੀਂ ਹੋ ਸਕਦਾ।